78362(P)

*ਆਰ.ਬੀ.ਆਈ./2007-2008/20*

*ਪ੍ਰਮੁੱਖ ਸਰਕੂਲਰ ਨੰ:04/2007-08*

*ਜੁਲਾਈ 2, 2007*

ਵਿਦੇਸ਼ੀ ਮੁਦਰਾ ਦੇ ਕਾਰੋਬਾਰ ਲਈ ਅਧਿਕ੍ਰਿਤ ਸਾਰੇ ਬੈਂਕਾਂ ਨੂੰ

ਸ੍ਰੀਮਤੀ/ਸ੍ਰੀਮਾਨ ਜੀ,

***ਪ੍ਰਵਾਸੀ ਭਾਰਤੀਆਂ/ਭਾਰਤੀ ਮੂਲ ਦੇ ਵਿਅਕਤੀਆਂ/ਵਿਦੇਸ਼ੀ ਨਾਗਰਿਕਾਂ ਲਈ ਧੰਨ ਭਿਜਵਾਉਣ ਦੀਆਂ ਸੁਵਿਧਾਵਾਂ ਬਾਰੇ ਪ੍ਰਮੁੱਖ ਸਰਕੂਲਰ।***

ਪ੍ਰਵਾਸੀਆਂ/ਭਾਰਤੀ ਮੂਲ ਦੇ ਵਿਅਕਤੀਆਂ/ਵਿਦੇਸ਼ੀ ਨਾਗਰਿਕਾਂ ਲਈ ਧੰਨ ਭਿਜਵਾਉਣ ਦੀਆਂ ਸੁਵਿਧਾਵਾਂ ਨੂੰ ਸਮੇਂ ਸਮੇਂ ਤੇ ਸੋਧ ਕੀਤੀ ਫੇਮਾ ਨੋਟੀਫਿਕੇਸ਼ਨ ਨੰ: 13/2000-ਆਰਬੀ ਅਤੇ ਫੇਮਾ ਨੋਟੀਫਿਕੇਸ਼ਨ ਨੰ:21/2000-ਆਰਬੀ, ਮਿਤੀ ਮਈ 3, 2000 ਨਾਲ ਪੜ੍ਹਦੇ ਹੋਏ ਫਾਰਨ ਐਕਸਚੇਂਜ ਮੈਨੇਜਮੈਂਟ ਐਕਟ, 1999 ਦੇ ਭਾਗ 6 ਦੇ ਉਪਭਾਗ (1 ਅਤੇ 2) ਦੁਆਰਾ ਨਿਯਮਿਤ ਕੀਤਾ ਜਾ ਰਿਹਾ ਹੈ।

2. ਇਸ ਪ੍ਰਮੁੱਖ ਸਰਕੂਲਰ ਦੁਆਰਾ *"ਪ੍ਰਵਾਸੀ ਭਾਰਤੀਆਂ/ਭਾਰਤੀ ਮੂਲ ਦੇ ਵਿਅਕਤੀਆਂ ਅਤੇ ਵਿਦੇਸ਼ੀ ਨਾਗਰਿਕਾਂ ਲਈ ਧੰਨ ਭਿਜਵਾਉਣ ਦੀਆਂ ਸੁਵਿਧਾਵਾਂ"* ਦੇ ਵਿਸ਼ੇ ਤੇ ਸਾਰੀਆਂ ਵਰਤਮਾਨ ਹਦਾਇਤਾਂ ਨੂੰ ਇਕ ਥਾਂ ਇਕੱਤਰ ਕੀਤਾ ਗਿਆ ਹੈ। ਇਸ ਪ੍ਰਮੁੱਖ ਸਰਕੂਲਰ

ਅਧੀਨ ਸ਼ਾਮਲ ਕੀਤੇ ਗਏ ਸਰਕੂਲਰ/ਨੋਟੀਫਿਕੇਸ਼ਨਾਂ ਦੀ ਸੂਚੀ ਅੰਤਿਕਾ ਵਿਚ ਦਿੱਤੀ ਗਈ ਹੈ।

3. ਇਹ ਪ੍ਰਮੁੱਖ ਸਰਕੂਲਰ ਸੂਰਜ ਡੁੱਬਣ ਤੋਂ ਇਕ ਸਾਲ ਦੀ ਸ਼ਰਤ ਨਾਲ ਜਾਰੀ ਕੀਤਾ ਜਾ ਰਿਹਾ ਹੈ। ਇਹ ਸਰਕੂਲਰ ਜੁਲਾਈ 1, 2008 ਨੂੰ ਵਾਪਸ ਲੈ ਲਿਆ ਗਿਆ ਸਮਝਿਆ ਜਾਵੇਗਾ ਅਤੇ ਇਸ ਦੀ ਥਾਂ ਇਸ ਵਿਸ਼ੇ ਉਤੇ ਇਕ ਮਿਤੀ ਅੰਤ ਪ੍ਰਮੁੱਖ ਸਰਕੂਲਰ ਲਿਆਂਦਾ ਜਾਵੇਗਾ।

ਵਿਸ਼ਵਾਸ਼ਪਾਤਰ

ਸਹੀ/-

(*ਸਲੀਮ ਗੰਗਾਧਰਣ*)

ਮੁੱਖ ਜਨਰਲ ਮੈਨੇਜਰ

## ਤਤਕਰਾ


| | | |
|---|---|---|
| 1. | ਪ੍ਰਵਾਸੀ ਭਾਰਤੀ/ਭਾਰਤੀ ਮੂਲ ਦੇ ਵਿਅਕਤੀ ਦੀ ਪਰਿਭਾਸ਼ਾਵਾਂ | 4 |
| 2. | ਵਰਤਮਾਨ ਆਮਦਨ ਦੀ ਰਾਸ਼ੀ ਨੂੰ ਭਿਜਵਾਉਣਾ | 5 |
| 3. | ਗੈਰ-ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕ ਦੁਆਰਾ ਸੰਪੱਤੀ ਨੂੰ ਭਿਜਵਾਉਣਾ | 5 |
| 4. | ਪ੍ਰਵਾਸੀ ਭਾਰਤੀ/ਭਾਰਤੀ ਮੂਲ ਦੇ ਵਿਅਕਤੀ ਦੁਆਰਾ ਸੰਪੱਤੀ ਨੂੰ ਭਿਜਵਾਉਣਾ | 6 |
| 5. | ਪ੍ਰਵਾਸੀ ਭਾਰਤੀਆਂ/ਭਾਰਤੀ ਮੂਲ ਦੇ ਵਿਅਕਤੀਆਂ ਦੁਆਰਾ ਵਿਦੇਸ਼ੀ ਮੁੱਦਰਾ ਨਾਲ ਖਰੀਦੀ ਗਈ ਰਿਹਾਇਸ਼ੀ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਰਾਸ਼ੀ ਨੂੰ ਵਾਪਸ ਭੇਜਣਾ | 7 |
| 6. | ਵਿਦਿਆਰਥੀਆਂ ਲਈ ਸੁਵਿਧਾਵਾਂ | 9 |
| 7. | ਆਮਦਨ ਕਰ ਸਬੰਧੀ ਕਲੀਅਰੈਂਸ | 9 |
| 8. | ਅੰਤਰ ਰਾਸ਼ਟਰੀ ਕ੍ਰੈਡਿਟ ਕਾਰਡਸ | 10 |
| 9. | ਅੰਤਿਕਾ | 11 |

| | |
|---|---|
| ਪ੍ਰਵਾਸੀ ਭਾਰਤੀਆਂ/(ਐਨ ਆਰ ਆਈਜ)/ਭਾਰਤੀ ਮੂਲ ਦੇ ਵਿਅਕਤੀਆਂ (ਪੀ ਆਈ ਓਜ) ਅਤੇ ਵਿਦੇਸ਼ੀ ਨਾਗਰਿਕਾਂ ਲਈ ਧੰਨ ਭਿਜਵਾਉਣ ਦੀਆਂ ਸੁਵਿਧਾਵਾਂ | ਕਿਸੇ ਵੀ ਵਿਅਕਤੀ ਦੁਆਰਾ, ਭਾਵੇਂ ਉਹ ਭਾਰਤ ਵਿਚ ਰਹਿ ਰਿਹਾ ਹੈ ਜਾਂ ਨਹੀਂ, ਭਾਰਤ ਤੋਂ ਬਾਹਰ ਸੰਪੱਤੀ ਭਿਜਵਾਉਣ ਲਈ ਨਿਯਮ ਨੋਟੀਫਿਕੇਸ਼ਨ ਨੰ:ਫੇਮਾ 13/2000 ਆਰ ਬੀ ਅਤੇ ਫੇਮਾ 21/2000-ਆਰ ਬੀ ਦੋਵੇਂ ਮਿਤੀ 3 ਮਈ, 2000 ਅਤੇ ਇਨ੍ਹਾਂ ਨੋਟੀਫਿਕੇਸ਼ਨਾਂ ਪ੍ਰਤੀ ਸੰਬੰਧਿਤ ਸੋਧਾਂ ਵਿਚ ਦਿੱਤੇ ਗਏ ਹਨ। ਤਦ ਅਨੁਸਾਰ ਭਾਰਤ ਵਿਚ ਜਾਂ ਭਾਰਤ ਤੋਂ ਬਾਹਰ ਰਹਿਣ ਵਾਲੇ ਕਿਸੇ ਵੀ ਵਿਅਕਤੀ ਦੀ ਮਲਕੀਅਤ ਅਧੀਨ ਭਾਰਤ ਵਿਚਲੀ ਆਰਥਿਕ ਸੰਪੱਤੀ ਨਿਰਧਾਰਿਤ ਸੀਮਾਂ ਤੋਂ ਇਲਾਵਾ ਸੰਪੱਤੀ ਨੂੰ ਭਿਜਵਾਉਣ ਲਈ ਰਿਜਰਵ ਬੈਂਕ ਦੀ ਮੰਜੂਰੀ ਦੀ ਜ਼ਰੂਰਤ ਹੋਵੇਗੀ। |
| 1.ਪ੍ਰਵਾਸੀ ਭਾਰਤੀ / ਭਾਰਤ ਮੂਲ ਦੇ ਵਿਅਕਤੀ ਦੀਆਂ ਪਰਿਭਾਸ਼ਾਵਾਂ | ਪ੍ਰਵਾਸੀ ਭਾਰਤੀ ਦੀ ਪਰਿਭਾਸ਼ਾ ਕਿਸੇ ਅਜਿਹੇ ਵਿਅਕਤੀ ਦੇ ਰੂਪ ਵਿਚ ਦਿੱਤੀ ਜਾਂਦੀ ਹੈ ਜੋ ਭਾਰਤ ਤੋਂ ਬਾਹਰ ਰਹਿੰਦਾ ਹੋਵੇ ਅਤੇ ਜੋ ਭਾਰਤ ਦਾ ਨਾਗਰਿਕ ਹੋਵੇ। ਮਿਤੀ 3 ਮਈ, 2000 ਦੀ ਫੇਮਾ ਨੋਟੀਫਿਕੇਸ਼ਨ ਨੰ:13 ਦੇ ਨਿਯਮ 2 ਦੀਆਂ ਸ਼ਰਤਾਂ ਅਨੁਸਾਰ ਪ੍ਰਵਾਸੀ ਭਾਰਤੀ (ਐਨ ਆਰ ਆਈ) ਦਾ ਅਰਥ ਹੈ ਕੋਈ ਵੀ ਅਜਿਹਾ ਵਿਅਕਤੀ ਜੋ ਬੰਗਲਾ ਦੇਸ਼ ਜਾਂ ਪਾਕਿਸਤਾਨ ਤੋਂ ਇਲਾਵਾ ਕਿਸੇ ਵੀ ਦੇਸ਼ ਦਾ ਨਾਗਰਿਕ ਹੈ ਅਤੇ ਕਿਸੇ ਕੋਲ (ੳ) ਕਿਸੇ ਵੀ ਸਮੇਂ ਭਾਰਤੀ ਪਾਸਪੋਰਟ ਸੀ ਜਾਂ (ਅ) ਉਹ ਜਾਂ ਉਸ ਦੇ ਮਾਤਾ-ਪਿਤਾ ਵਿਚੋਂ ਕੋਈ ਇਕ ਜਾਂ ਉਸ ਦੇ ਦਾਦਾ ਦਾਦੀ ਵਿਚੋਂ ਕੋਈ ਇਕ ਭਾਰਤ ਦੇ ਸੰਵਿਧਾਨ ਜਾਂ ਨਾਗਰਿਕਤਾ ਕਾਨੂੰਨ 1955 ਅਨੁਸਾਰ ਭਾਰਤ ਦਾ ਨਾਗਰਿਕ ਹੈ ਜਾਂ (ੲ) ਉਹ ਵਿਅਕਤੀ ਕਿਸੇ ਭਾਰਤੀ ਨਾਗਰਿਕ ਦਾ/ਦੀ ਪਤੀ/ਪਤਨੀ ਹੈ ਜਾਂ ਉਹ (ੳ) ਜਾਂ (ਅ) ਨਾਲ ਸੰਬੰਧਿਤ ਕੋਈ ਵਿਅਕਤੀ ਹੈ। |

| | |
|---|---|
| 2. ਵਰਤਮਾਨ ਆਮਦਨ ਦੀ ਰਾਸ਼ੀ ਨੂੰ ਭਿਜਵਾਉਣਾ | ਪ੍ਰਵਾਸੀ ਭਾਰਤੀਆਂ/ਭਾਰਤੀ ਮੂਲ ਦੇ ਵਿਅਕਤੀਆਂ, ਜਿਨ੍ਹਾਂ ਦੇ ਐਨ ਆਰ ਓ ਕਿਰਾਇਆ ਖਾਤੇ ਨਹੀਂ ਹਨ, ਦੀ ਲਾਭਾਂਸ਼, ਪੈਨਸ਼ਨ, ਵਿਆਜ ਆਦਿ ਵਰਗੀ ਵਰਤਮਾਨ ਆਮਦਨ ਦੀ ਰਾਸ਼ੀ ਨੂੰ ਕਿਸੇ ਚਾਰਟਰਡ ਅਕਾਉਟੈਂਟ ਵਲੋਂ ਉਚਿੱਤ ਸਰਟੀਫਿਕੇਟ, ਜਿਸ ਵਿਚ ਤਸਦੀਕ ਕੀਤਾ ਗਿਆ ਹੋਵੇ ਕਿ ਭੇਜੀ ਜਾਣ ਵਾਲੀ ਪ੍ਰਸਤਾਵਿਤ ਰਾਸ਼ੀ ਭਿਜਵਾਉਣਾ ਯੋਗ ਹੈ ਅਤੇ ਇਸ ਦੇ ਸਬੰਧ ਵਿਚ ਟੈਕਸਾਂ ਦਾਤ ਭੁਗਤਾਨ/ਪ੍ਰਬੰਧ ਕਰ ਦਿੱਤਾ ਗਿਆ ਹੈ, ਦੇ ਆਧਾਰ ਤੇ ਭਿਜਵਾਉਣ ਦੀ ਆਜਾਦੀ ਹੁੰਦੀ ਹੈ।<br><br>2.2 ਪ੍ਰਵਾਸੀ ਭਾਰਤੀਆਂ/ਭਾਰਤੀ ਮੂਲ ਦੇ ਵਿਅਕਤੀਆਂ ਨੂੰ ਇਹ ਵਿਕਲਪ ਪ੍ਰਾਪਤ ਹੁੰਦਾ ਹੈ ਕਿ ਉਹ ਆਪਣੀ ਵਰਤਮਾਨ ਆਮਦਨ ਦੀ ਰਾਸ਼ੀ ਨੂੰ ਆਪਣੇ ਨਾਨ ਰੈਜੀਡੈਂਟ (ਐਕਸਟਰਨਲ) ਰੁਪੀ ਖਾਤੇ ਵਿਚ ਜਮ੍ਹਾਂ ਕਰਵਾ ਸਕਦੇ ਹਨ, ਬਸ਼ਰਤੇ ਕਿ ਉਹ ਅਧਿਕ੍ਰਿਤ ਕਾਰੋਬਾਰੀ ਬੈਂਕ ਨੂੰ ਇਹ ਵਿਸ਼ਵਾਸ ਹੋਵੇ ਕਿ ਜਮ੍ਹਾ ਰਾਸ਼ੀ ਦਾ ਸਬੰਧ ਪ੍ਰਵਾਸੀ ਖਾਤੇਦਾਰ ਦੀ ਵਰਤਮਾਨ ਆਮਦਨ ਨਾਲ ਹੈ ਅਤੇ ਉਸ ਤੇ ਆਮਦਨ ਰ ਦਾ ਭੁਗਤਾਨ/ਪ੍ਰਬੰਧ ਕਰ ਦਿੱਤਾ ਗਿਆ ਹੈ। |
| 3.ਗੈਰ ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕ ਦੁਆਰਾ ਸੰਪੱਤੀ ਨੂੰ ਭਿਜਵਾਉਣਾ | 3.1 ਕੋਈ ਵੀ ਅਜਿਹਾ ਗੈਰ ਭਾਰਤੀ ਮੂਲ ਦਾ ਵਿਦੇਸ਼ੀ ਨਾਗਰਿਕ ਜੋ ਕਿ ਭਾਰਤ ਵਿਚ ਨੌਕਰੀ ਤੋਂ ਸੇਵਾ ਮੁਕਤ ਹੋਇਆ ਹੈ ਜਾਂ ਉਸ ਨੂੰ ਭਾਰਤ ਵਿਚ ਰਹਿਣ ਵਾਲੇ ਕਿਸੇ ਵਿਅਕਤੀ ਤੋਂ ਵਿਰਾਸਤ ਵਿਚ ਸੰਪੱਤੀ ਪ੍ਰਾਪਤ ਹੋਈ ਹੈ ਜਾਂ ਉਹ ਕਿਸੇ ਅਜਿਹੇ ਭਾਰਤੀ ਨਾਗਰਿਕ ਦੀ ਵਿਧਵਾ ਹੈ ਜੋ ਕਿ ਭਾਰਤ ਦਾ ਨਿਵਾਸੀ ਸੀ, ਉਹ ਉਸ ਸੰਪੱਤੀ ਦੀ ਖਰੀਦ/ਵਿਰਾਸਤ ਵਿਚ ਪ੍ਰਾਪਤ ਦੇ ਸਬੂਤ ਦੇ ਸਬੰਧ ਵਿਚ ਦਸਤਾਵੇਜ, ਸੈਂਟ੍ਰਲ ਬੋਰਡ ਆਫ ਡਾਇਰੈਕਟ ਟੈਕਸੇਜ ਦੁਆਰਾ ਆਪਣੇ ਸਰਕੂਲਰ |

ਨੰ:10/2002 ਮਿਤੀ 9 ਅਕਤੂਬਰ, 2002 ਵਿਚ ਨਿਰਧਾਰਿਤ ਫਾਰਮਾਂ ਉਤੇ ਕਿਸੇ ਚਾਰਟਰਡ ਅਕਾਂਊਟੈਂਟ ਦੁਆਰਾ ਤਸਦੀਕ ਕੀਤੇ ਉਸ ਵਿਅਕਤੀ ਦੇ ਬਿਆਨ ਪੇਸ਼ ਕਰਨ, ਉਪਰੰਤ ਉਹ ਹਰੇਕ ਵਿੱਤੀ ਵਰ੍ਹੇ (ਅਪ੍ਰੈਲ-ਮਾਰਚ) ਦੌਰਾਨ ਦੱਸ ਲੱਖ ਅਮਰੀਕਨ ਡਾਲਰਾਂ ਤੱਕ ਦੀ ਰਾਸ਼ੀ ਭਿਜਵਾ ਸਕਦਾ ਹੈ।

3.2 ਰਾਸ਼ੀ ਭਿਜਵਾਉਣ ਦੀਆਂ ਇਹ ਸੁਵਿਧਾਵਾਂ ਨੇਪਾਲ ਅਤੇ ਭੂਟਾਨ ਦੇ ਨਾਗਰਿਕਾਂ ਨੂੰ ਉਪਲਬੱਧ ਨਹੀਂ ਹਨ।

**4. ਪ੍ਰਵਾਸੀ ਭਾਰਤੀ / ਭਾਰਤੀ ਮੂਲ ਦੇ ਵਿਅਕਤੀ ਦੁਆਰਾ ਸੰਪੱਤੀ ਨੂੰ ਭਿਜਵਾਉਣਾ**

4.1 ਕੋਈ ਵੀ ਪ੍ਰਵਾਸੀ ਭਾਰਤੀ (ਐਨ ਆਰ ਆਈ) ਜਾਂ ਭਾਰਤੀ ਮੂਲ ਦਾ ਵਿਅਕਤੀ ਹਰੇਕ ਵਿੱਤੀ ਵਰ੍ਹੇ ਦੌਰਾਨ ਆਪਣੇ ਨਾਨ ਰੈਜੀਡੈਂਟ (ਆਰਡੀਨਰੀ) ਰੁਪੀ ਅਕਾਉਟਾਂ/ਸੰਪੱਤੀ (ਵਿਰਾਸਤ ਜਾਂ ਸੈਟਲਮੈਂਟ ਵਜੋਂ ਪ੍ਰਾਪਤ ਸੰਪੱਤੀ ਸਮੇਤ) ਦੀ ਵਿਕਰੀ ਤੋਂ ਪ੍ਰਾਪਤ ਧੰਨ ਰਾਸ਼ੀ ਵਿਚੋਂ ਸਾਰੇ ਉਚਿੱਤ ਉਦੇਸ਼ਾਂ ਲਈ ਸੰਬੰਧਿਤ ਅਧਿਕ੍ਰਿਤ ਕਾਰੋਬਾਰੀ ਬੈਂਕ ਦੀ ਤਸੱਲੀ ਲਈ ਸੈਂਟ੍ਰਲ ਬੋਰਡ ਆਫ ਡਾਇਰੈਕਟ ਟੈਕਸੇਜ ਦੁਆਰਾ ਆਪਣੇ ਸਰਕੂਲਰ ਨੰ:10/2002 ਮਿਤੀ 9 ਅਕਤੂਬਰ, 2002 ਵਿਚ ਨਿਰਧਾਰਿਤ ਫਾਰਮਾਂ ਉਤੇ ਕਿਸੇ ਚਾਰਟਰਡ ਅਕਾਉਟੈਂਟ ਦੁਆਰਾ ਰਾਸ਼ੀ ਭਿਜਵਾਉਣ ਵਾਲੇ ਦੇ ਤਸਦੀਕਸ਼ੁਦਾ ਬਿਆਨ ਪੇਸ਼ ਕਰਨ ਉਪਰੰਤ ਦਸ ਲੱਖ ਅਮਰੀਕਨ ਡਾਲਰਾਂ ਤੱਕ ਭਿਜਵਾ ਸਕਦਾ ਹੈ।

4.2 ਕੋਈ ਵੀ ਪ੍ਰਵਾਸੀ ਭਾਰਤੀ/ਭਾਰਤੀ ਮੂਲ ਦਾ ਵਿਅਕਤੀ ਭਾਰਤੀ ਮੁੱਦਰਾ ਨਾਲ ਖਰੀਦੀ ਅਚਲ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਧੰਨ ਰਾਸ਼ੀ ਜਾਂ ਉਪਰੋਕਤ ਪੈਰਾ 3.1 ਵਿਚ ਦਿੱਤੇ ਸੰਕੇਤ ਅਨੁਸਾਰ ਖਰੀਦੀ ਅਚੱਲ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਧੰਨਰਾਸ਼ੀ ਨੂੰ ਬਿਨਾ ਕਿਸੇ ਲਾਕ ਇਨ ਅਵਧੀ ਦੇ ਭਿਜਵਾ ਸਕਦਾ ਹੈ।

4.3 ਵਿਰਾਸਤ ਜਾਂ ਸੈਟਲਮੈਂਟ ਅਧੀਨ ਸੰਪੱਤੀ, ਜਿਸ ਲਈ ਕੋਈ ਲਾਕ ਇਨ ਅਵਧੀ ਨਹੀਂ ਹੈ, ਦੀ ਵਿਕਰੀ ਤੋਂ ਪ੍ਰਾਪਤ ਧੰਨਰਾਸ਼ੀ ਨੂੰ ਭਿਜਵਾਉਣ ਦੇ ਸਬੰਧ ਵਿਚ ਉਹ ਪ੍ਰਵਾਸੀ ਭਾਰਤੀ/ਭਾਰਤੀ ਮੂਲ ਦਾ ਵਿਅਕਤੀ ਸੰਪੱਤੀ ਦੇ ਵਿਰਾਸਤ ਆਧਾਰ ਤੇ ਪ੍ਰਾਪਤ ਹੋਣ ਦੇ ਦਸਤਾਵੇਜੀ ਸਬੂਤ ਪੇਸ਼ ਕਰ ਸਕਦਾ ਹੈ, ਧੰਨਰਾਸ਼ੀ ਭਿਜਵਾਉਣ ਵਾਲੇ ਦੀ ਜ਼ਿੰਮੇਵਾਰੀ ਅਤੇ ਨਿਰਧਾਰਿਤ ਫਾਰਮਾਂ ਉਤੇ ਕਿਸੇ ਚਾਰਟਰਡ ਅਕਾਉਟੈਂਟ ਵਲੋਂ ਜਾਰੀ ਸਰਟੀਫਿਕੇਟ ਪੇਸ਼ ਕਰ ਸਕਦਾ ਹੈ। ਸੈਟਲਮੈਂਟ ਵੀ ਮਾਤਾ ਪਿਤਾ ਤੋਂ ਵਿਰਾਸਤ ਪ੍ਰਾਪਤ ਕਰਨ ਦਾ ਇਕ ਤਰੀਕਾ ਹੈ, ਅੰਤਰ ਕੇਵਲ ਇਹ ਹੈ ਕਿ ਸੈਟਲਮੈਂਟ ਅਧੀਨ ਸੰਪੱਤੀ ਮਾਲਿਕ/ਮਾਤਾ ਪਿਤਾ ਦੀ ਮੌਤ ਤੋਂ ਬਾਅਦ ਬਿਨਾ ਕਿਸੇ ਕਾਨੂੰਨੀ ਪ੍ਰਕ੍ਰਿਆ/ਰੁਕਾਵਟ ਬਿਨਾਂ ਵਾਰਿਸ ਨੂੰ ਮਿਲ ਜਾਂਦੀ ਹੈ ਅਤੇ ਇਸ ਨਾਲ ਪ੍ਰੋਬੇਟ ਲਈ ਮੰਜੂਰੀ ਲੈਣ ਵਿਚ ਹੋਣ ਵਾਲੀ ਦੇਰੀ ਤੋਂ ਬਚਿਆ ਜਾ ਸਕਦਾ ਹੈ।

4.4 (ੳ) ਅਚਲ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਧੰਨਰਾਸ਼ੀ ਨੂੰ ਭਿਜਵਾਉਣ ਦੀ ਸੁਵਿਧਾ ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ, ਚੀਨ, ਅਫਗਾਨਿਸਤਾਨ, ਈਰਾਨ, ਨੇਪਾਲ ਅਤੇ ਭੂਟਾਨ ਦੇ ਨਾਗਰਿਕਾਂ ਨੂੰ ਪ੍ਰਾਪਤ ਨਹੀਂ ਹੈ।

ਅ) ਹੋਰ ਆਰਥਿਕ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਧੰਨਰਾਸ਼ੀ ਨੂੰ ਭਿਜਵਾਉਣ ਦੀ ਸੁਵਿਧਾ ਪਾਕਿਸਤਾਨ, ਬੰਗਲਾਦੇਸ਼, ਨੇਪਾਲ ਅਤੇ ਭੂਟਾਨ ਦੇ ਨਾਗਰਿਕਾਂ ਨੂੰ ਪ੍ਰਾਪਤ ਨਹੀਂ ਹੈ।

| | |
|---|---|
| 5.ਪ੍ਰਵਾਸੀ ਭਾਰਤੀਆਂ / ਭਾਰਤੀ ਮੂਲ ਦੇ ਵਿਅਕਤੀਆਂ ਦੁਆਰਾ | 5.1 ਕੋਈ ਵੀ ਪ੍ਰਵਾਸੀ ਭਾਰਤੀ/ਭਾਰਤੀ ਮੂਲ ਦੇ ਵਿਅਕਤੀ ਦੁਆਰਾ ਖਰੀਦੀ ਗਈ ਰਿਹਾਇਸ਼ੀ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਰਾਸ਼ੀ ਦਾ ਕੇਵਲ ਉਹੀ ਭਾਗ ਵਾਪਸ ਭੇਜਿਆ ਜਾ ਸਕਦਾ ਹੈ ਜਿਸ ਮਾਤਰਾ ਵਿਚ |

| | |
|---|---|
| ਵਿਦੇਸ਼ੀ ਮੁਦਰਾ ਨਾਲ ਖਰੀਦੀ ਗਈ ਰਿਹਾਇਸ਼ੀ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਰਾਸ਼ੀ ਨੂੰ ਵਾਪਸ ਭੇਜਣਾ | ਉਸ ਸੰਪੱਤੀ ਨੂੰ ਖਰੀਦਣ ਲਈ ਵਿਦੇਸ਼ੀ ਮੁਦਰਾ ਬੈਂਕਾਂ ਰਾਹੀਂ ਪ੍ਰਾਪਤ ਕੀਤੀ ਗਈ ਸੀ। ਇਹ ਸੁਵਿਧਾ ਅਜਿਹੀਆਂ ਕੇਵਲ ਦੋ ਸੰਪੱਤੀਆਂ ਤੱਕ ਸੀਮਿਤ ਹੈ।<br>5.2 ਅਧਿਕ੍ਰਿਤ ਡੀਲਰ ਬੈਂਕਾਂ ਦੁਆਰਾ ਮਕਾਨ ਉਸਾਰੂ ਏਜੰਸੀਆਂ /ਵੇਚਣ ਵਾਲਿਆਂ ਦੁਆਰਾ ਮਕਾਨ/ਪਲਾਟ ਅਲਾਟ ਨਾ ਹੋਣ ਕਾਰਨ ਜਾਂ ਬੁਕਿੰਗ ਰੱਦ ਕਰਨ/ਰਿਹਾਇਸ਼ੀ/ਵਪਾਰਕ ਸੰਪੱਤੀ ਦੀ ਖਰੀਦ ਲਈ ਸੌਦਾ ਰੱਦ ਕਰਨ ਕਾਰਨ ਵਿਆਜ ਸਮੇਤ ਮੋੜੀ ਗਈ ਅਰਜੀ/ਅਰਨੈਸਟਮਨੀ/ਖਰੀਦ ਮੁੱਲ(ਆਮਦਨ ਕਰ ਕੱਟਣ ਉਪਰੰਤ) ਦੀ ਰਾਸ਼ੀ ਨੂੰ ਵਾਪਸ ਭੇਜਣ ਦੀ ਪਰਵਾਨਗੀ ਦਿੱਤੀ ਜਾ ਸਕਦੀ ਹੈ, ਬਸ਼ਰਤੇ ਕਿ ਮੌਲਿਕ ਭੁਗਤਾਨ ਖਾਤੇਦਾਰ ਦੇ ਐਨ ਆਰ ਈ/ਐਫ ਸੀ ਐਨ ਆਰ (ਬੀ) ਖਾਤੇ ਵਿਚੋਂ ਕੀਤਾ ਗਿਆ ਸੀ, ਜਾਂ ਭਾਰਤ ਤੋਂ ਬਾਹਰੋਂ ਬੈਂਕਾਂ ਰਾਹੀਂ ਪ੍ਰਾਪਤ ਭੇਜੀ ਰਾਸ਼ੀ ਵਿਚੋਂ ਕੀਤਾ ਗਿਆ ਸੀ ਅਤੇ ਸੰਬੰਧਿਤ ਅਧਿਕ੍ਰਿਤ ਡੀਲਰ ਬੈਂਕ ਇਸ ਲੈਣ ਦੇਣ ਬਾਰੇ ਸੰਤੁਸ਼ਟ ਹੈ। ਜੇਕਰ ਉਹ ਚਾਹੁਣ ਤਾਂ ਅਜਿਹੀਆਂ ਧੰਨਰਾਸ਼ੀਆਂ ਨੂੰ ਉਨੱਤ ਐਨ ਆਰ ਈ/ਐਫ ਸੀ ਐਨ ਆਰ (ਬੀ) ਖਾਤੇ ਵਿਚ ਵੀ ਜਮ੍ਹਾਂ ਕੀਤਾ ਜਾ ਸਕਦਾ ਹੈ।<br>5.3 ਅਧਿਕ੍ਰਿਤ ਡੀਲਰ ਬੈਂਕ ਐਨ ਆਰ ਆਈਜ/ਪੀ ਆਈ ਓਜ ਦੁਆਰਾ ਅਧਿਕ੍ਰਿਤ ਡੀਲਰ ਬੈਂਕਾਂ/ਹਾਊਸਿੰਗ ਫਾਈਨੈਂਸ ਸੰਸਥਾਵਾਂ ਤੋਂ ਕਰਜੇ ਦੇ ਰੂਪ ਵਿਚ ਲਈ ਗਈ ਰਾਸ਼ੀ ਨਾਲ ਖਰੀਦੀ ਗਈ ਰਿਹਾਇਸ਼ੀ ਇਮਾਰਤ ਦੀ ਵਿਕਰੀ ਤੋਂ ਪ੍ਰਾਪਤ ਧੰਨਰਾਸ਼ੀ ਵਿਚੋਂ ਵਿਦੇਸ਼ ਤੋਂ ਸਾਧਾਰਣ ਬੈਂਕਾਂ ਰਾਹੀਂ ਦੇਸ਼ ਵਿਚ ਪ੍ਰਾਪਤ ਵਿਦੇਸ਼ੀ ਮੁੱਦਰਾ ਜਾਂ ਉਨ੍ਹਾਂ ਦੇ ਐਨ ਆਰ ਈ/ਐਫ ਸੀ ਐਨ ਆਰ (ਬੀ) ਖਾਤਿਆਂ ਵਿਚ ਕੀਤੇ ਕਰਜੇ ਦੇ ਭੁਗਤਾਨ ਦੇ ਬਰਾਬਰ ਵਾਪਸ ਭੇਜਣ ਦੀ ਪਰਵਾਨਗੀ ਦੇ ਸਕਦੇ ਹਨ। |

| | |
|---|---|
| 6.ਵਿਦਿਆਰਥੀਆਂ ਲਈ ਸੁਵਿਧਾਵਾਂ | 6.1 ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਨੂੰ ਪ੍ਰਵਾਸੀ ਭਾਰਤੀਆਂ (ਐਨ  ਆਰ ਆਈਜ਼) ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਉਹ ਸਾਰੀਆਂ ਸੁਵਿਧਾਵਾਂ ਪ੍ਰਾਪਤ ਹਨ ਜੋ ਕਿਸੇ ਪ੍ਰਵਾਸੀ ਭਾਰਤੀਆਂ ਨੂੰ ਫੇਮਾ ਅਧੀਨ ਪ੍ਰਾਪਤ ਹਨ।<br>6.2 ਪ੍ਰਵਾਸੀਆਂ ਦੇ ਰੂਪ ਵਿਚ ਭਾਰਤ ਤੋਂ ਭੇਜੀਆਂ ਗਈਆਂ ਰਾਸ਼ੀਆਂ ਪ੍ਰਾਪਤ ਕਰਨ ਦੇ ਯੋਗ ਹੋਣਗੇ (i) ਆਪਣੇ ਵਲੋਂ ਘੋਸ਼ਣਾ ਦੇ ਆਧਾਰ ਤੇ ਆਪਣੇ ਗੁਜਾਰੇ ਲਈ, ਜਿਸ ਵਿਚ ਉਨ੍ਹਾਂ ਦੀ ਪੜ੍ਹਾਈ ਲਈ ਭੇਜੀਆਂ ਗਈਆਂ ਰਾਸ਼ੀਆਂ ਸ਼ਾਮਲ ਹੋ ਸਕਦੀਆਂ ਹਨ, ਭਾਰਤ ਵਿਚ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਤੋਂ 1,00,000 ਅਮਰੀਕਨ ਡਾਲਰਾਂ ਤੱਕ, ਅਤੇ (ii) ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਧੰਨਰਾਸ਼ੀ/ਭਾਰਤ ਵਿਚ ਕਿਸੇ ਅਧਿਕ੍ਰਿਤ ਡੀਲਰ ਬੈਂਕ ਵਿਚਲੇ ਉਨ੍ਹਾਂ ਦੇ ਖਾਤੇ ਵਿਚੋਂ ਹਰੇਕ ਵਿੱਤੀ ਵਰ੍ਹੇ ਦੌਰਾਨ 10,00,000 ਅਮਰੀਕਨ ਡਾਲਰਾਂ ਤੱਕ ਮੰਗਵਾਏ ਜਾ ਸਕਦੇ ਹਨ।<br>6.3 ਫੇਮਾ ਅਧੀਨ ਪ੍ਰਵਾਸੀਆਂ ਨੂੰ ਉਪਲਬੱਧ ਬਾਕੀ ਸਾਰੀਆਂ ਸੁਵਿਧਾਵਾਂ ਵਿਦਿਆਰਥੀਆਂ ਨੂੰ ਵੀ ਸਮਾਨ ਰੂਪ ਵਿਚ ਉਪਲਬੱਧ ਹਨ।<br>6.4 ਭਾਰਤ ਦੇ ਨਿਵਾਸੀ ਹੋਣ ਦੇ ਆਧਾਰ ਤੇ ਉਨ੍ਹਾਂ ਵਲੋਂ ਲਏ ਗਏ ਸਿੱਖਿਆ ਸਬੰਧੀ ਅਤੇ ਹੋਰ ਕਰਜੇ ਫੇਮਾ ਨਿਯਮਾਂ ਅਨੁਸਾਰ ਬਦਸਤੂਰ ਉਪਲਬੱਧ ਕਰਵਾਏ ਜਾਣਗੇ। |
| 7. ਆਮਦਨ ਕਰ ਸਬੰਧੀ ਕਲੀਅਰੈਂਸ | ਅਧਿਕ੍ਰਿਤ ਡੀਲਰ ਬੈਂਕਾਂ ਵਲੋਂ ਧੰਨਰਾਸ਼ੀਆਂ ਭੇਜੇ ਜਾਣ ਦੀ ਪਰਵਾਨਗੀ ਧੰਨਰਾਸ਼ੀ ਭੇਜਣ ਵਾਲੇ ਵਲੋਂ ਦਿੱਤੀ ਜ਼ਿੰਮੇਵਾਰੀ ਅਤੇ ਸੈਂਟ੍ਰਲ ਬੋਰਡ ਆਫ ਡਾਇਰੈਕਟ ਟੈਕਸੇਜ ਵਿਚ ਮੰਤਰਾਲਿਆ, ਭਾਰਤ ਸਰਕਾਰ |

| | |
|---|---|
| | ਆਪਣੇ ਸਰਕੂਲਰ ਨੰ:10/2002, ਮਿਤੀ 9 ਅਕਤੂਬਰ, 2002 (ਸੀ ਐਫ ਏ ਪੀ (ਡੀ ਆਈ ਆਰ) ਸੀਰੀਜ਼ ਸਰਕੂਲਰ) ਨੰ:56, ਮਿਤੀ 26 ਨਵੰਬਰ, 2002 ਦੁਆਰਾ ਨਿਰਧਾਰਿਤ ਫਾਰਮਾਂ ਉਤੇ ਕਿਸੇ ਚਾਰਟਰਡ ਅਕਾਉਟੈਂਟ ਦਾ ਸਰਟੀਫਿਕੇਟ ਪੇਸ਼ ਕਰਨ ਤੇ ਹੀ ਦਿੱਤੀ ਜਾਵੇਗੀ। |
| 8.ਅੰਤਰਰਾਸ਼ਟਰੀ ਕ੍ਰੈਡਿਟ ਕਾਰਡਸ | ਅਧਿਕ੍ਰਿਤ ਡੀਲਰ ਬੈਂਕ ਨੂੰ ਐਨ ਆਰ ਆਈਜ/ਪੀ ਆਈ ਓ ਨੂੰ ਰਿਜਰਵ ਬੈਂਕ ਦੀ ਪਹਿਲਾਂ ਤੋਂ ਪ੍ਰਾਪਤ ਮੰਜੂਰੀ ਤੋਂ ਬਿਨਾ ਹੀ ਅੰਤਰਰਾਸ਼ਟਰੀ ਕ੍ਰੈਡਿਟ ਕਾਰਡਸ ਜਾਰੀ ਕਰਨ ਦੀ ਆਗਿਆ ਦਿੱਤੀ ਗਈ ਹੈ। ਅਜਿਹੇ ਲੈਣ ਦੇਣ ਨੂੰ ਬਾਹਰ ਤੋਂ ਦੇਸ਼ ਦੇ ਅੰਦਰ ਭਿਜਵਾਈਆਂ ਗਈਆਂ ਰਾਸ਼ੀਆਂ ਜਾਂ ਕਾਰਡ ਧਾਰਕਾਂ ਦੇ ਐਫ ਸੀ ਐਨ ਆਰ (ਬੀ) /ਐਨ ਆਰ ਈ/ਐਨ ਆਰ ਓ ਖਾਤਿਆਂ ਵਿਚਲੇ ਬਕਾਏ ਚੋਂ ਸੈਟਲ ਕੀਤਾ ਜਾ ਸਕਦਾ ਹੈ। |

*ਅੰਤਿਕਾ*

ਪ੍ਰਵਾਸੀ ਭਾਰਤੀਆਂ/ਭਾਰਤੀ ਮੂਲ ਦੇ ਵਿਅਕਤੀਆਂ/ਵਿਦੇਸ਼ੀ ਨਾਗਰਿਕਾਂ ਲਈ ਧੰਨ ਭਿਜਵਾਉਣ ਦੀਆਂ ਸੁਵਿਧਾਵਾਂ ਬਾਰੇ ਉਨ੍ਹਾਂ ਅਧਿਸੂਚਨਾਵਾਂ/ਸਰਕੂਲਰਾਂ ਦੀ ਸੂਚੀ ਜੋ ਇਸ ਪ੍ਰਮੁੱਖ ਸਰਕੂਲਰ ਵਿਚ ਸ਼ਾਮਲ ਕੀਤੇ ਗਏ ਹਨ:

| ਲੜੀ ਨੰ: | ਅਧਿਸੂਚਨਾ/ਸਰਕੂਲਰ ਨੰ: | ਮਿਤੀ |
|---|---|---|
| *1.* | *ਨੋਟੀਫਿਕੇਸ਼ਨ ਨੰ:ਫੇਮਾ-62/2002 ਆਰ ਬੀ* | *13-5-2002* |
| *2.* | *ਨੋਟੀਫਿਕੇਸ਼ਨ ਨੰ:ਫੇਮਾ-65/2002 ਆਰ ਬੀ* | *29-6-2002* |
| *3.* | *ਨੋਟੀਫਿਕੇਸ਼ਨ ਨੰ:ਫੇਮਾ-93/2003 ਆਰ ਬੀ* | *9-6-2003* |
| *4* | *ਨੋਟੀਫਿਕੇਸ਼ਨ ਨੰ:ਫੇਮਾ-97/2003 ਆਰ ਬੀ* | *8-7-2003* |
| *5* | *ਨੋਟੀਫਿਕੇਸ਼ਨ ਨੰ:ਫੇਮਾ-119/2004 ਆਰ ਬੀ* | *29-6-2004* |
| *1.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:45* | *14-5-2002* |
| *2.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:1* | *2-7-2002* |
| *3.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:5* | *15-7-2002* |
| *4* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:19* | *12-9-2002* |
| *5.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:26* | *28-9-2002* |
| *6.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:27* | *28-9-2002* |
| *7.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:35* | *1-11-2002* |
| *8.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:40* | *5-11-2002* |
| *9.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:46* | *12-11-2002* |
| *10.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:56* | *26-11-2002* |
| *11.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:59* | *9-12-2002* |
| *12.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:67* | *13-1-2003* |
| *13.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:101* | *5-5-2003* |

| | | |
|---|---|---|
| *14.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:104* | *31-5-2003* |
| *15.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:43* | *8-12-2003* |
| *16.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:45* | *8-12-2003* |
| *17.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:62* | *31-1-2004* |
| *18.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:43* | *13-5-2005* |
| *19.* | *ਏ ਪੀ (ਡੀਆਈਆਰ. ਸੀਰੀਜ਼) ਸਰ.ਨੰ:12* | *16-11-2006* |